## ਦਫਤਰ ਮੁੱਖ ਖੇਤੀਬਾੜੀ ਅਫਸਰ ਪਟਿਆਲਾ

# ਜਨਤਕ ਨੋਟਿਸ

ਜਿਲਾ ਪਟਿਆਲਾ ਦੇ ਸਮੂਹ ਕਿਸਾਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸਬ ਮਿਸ਼ਨ ਆਨ ਐਗਰੀਕਲਚਰ ਮੈਕੇਨਾਈਜੇਸਨ (ਸਮੈਮ) ਸਕੀਮ ਸਾਲ 2020-21 ਅਧੀਨ ਝੋਨੇ ਦੀ ਬਿਜਾਈ ਨਾਲ ਸਬੰਧਤ ਪੈਡੀ ਟਰਾਂਸਪਲਾਂਟਰ ਵਾਕ ਬਿਹਾਇੰਡ 4,6 ਫਾਲੇ ਅਤੇ ਪੈਡੀ ਟਰਾਂਸਪਲਾਂਟਰ ਸੈਲਫ ਪ੍ਰੋਪੈਲਡ 6,8 ਫਾਲੇ ਮਸੀਨਾਂ ਉਪਦਾਨ ਤੇ ਦੇਣ ਹਿੱਤ ਲਾਭਪਾਤਰੀਆਂ ਦੀ ਚੋਣ ਡਰਾਅ ਵਿਧੀ ਰਾਹੀਂ ਕੀਤੀ ਗਈ ਸੀ ਅਤੇ 20 ਪ੍ਰਤੀਸਤ ਵੇਟਿੰਗ ਲਿਸਟ ਵੀ ਤਿਆਰ ਕੀਤੀ ਗਈ ਸੀ। ਪਰ ਇਹਨਾਂ ਚੁਣੇ ਗਏ ਲਾਭਪਾਤਰੀਆਂ ਨੂੰ ਮੰਨਜੂਰੀ ਪੱਤਰ ਦੇਣ ਤੋਂ ਬਾਅਦ ਵੀ ਟੀਚੇ ਬਾਕੀ ਬੱਚਦੇ ਹਨ ਸੋ ਇਹਨਾਂ ਟੀਚੀਆਂ ਦੀ ਪੂਰਤੀ ਲਈ ਬਾਕੀ ਰਹਿੰਦੇ ਬਿਨੈਕਾਰਾਂ ਵਿੱਚੋਂ ਲਾਭਪਾਤਰੀਆਂ ਦੀ ਚੋਣ ਕੰਪਿਊਟਰਾਇਜਡ ਡਰਾਅ ਵਿਧੀ ਰਾਹੀਂ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਇਹਨਾਂ ਸਾਰੇ ਬਿਨੈਕਾਰਾਂ ਦੀ ਸੀਨੀਅਰਤਾ ਸੂਚੀ ਤਿਆਰ ਕੀਤੀ ਜਾਵੇਗੀ ਤਾਂ ਜੋ ਭਵਿੱਖ ਵਿੱਚ ਹੋਰ ਟੀਚੇ ਵਧਣ ਦੀ ਸੂਰਤ ਵਿੱਚ ਲਾਭਪਾਤਰੀਆਂ ਨੂੰ ਮੰਨਜੂਰੀ ਪੱਤਰ ਦਿੱਤੇ ਜਾਣਗੇ। ਇਹਨਾਂ ਮਸੀਨਾਂ ਦੇ ਡਰਾਅ ਕੰਪਿਊਟਰਾਇਜਡ ਲਾਟਰੀ ਵਿਧੀ ਰਾਹੀਂ ਜਿਲਾ ਪੱਧਰੀ ਕਮੇਟੀ ਦੀ ਹਾਜਰੀ ਵਿੱਚ ਕੱਢੇ ਜਾਣੇ ਹਨ। **ਕਿਸਾਨ ਵੀਰ ਇਸ ਡਰਾਅ ਦਾ online ਪ੍ਰਸਾਰਣ ਜਿਲਾ ਪਟਿਆਲਾ ਦੇ ਫੇਸਬੁੱਕ ਪੇਜ www.facbook.com/districtPatiala/ ਤੇ ਦੇਖ ਸਕਦੇ ਹਨ।**

www.facebook.com/districtPatiala/

**ਡਰਾਅ ਦਾ ਸਥਾਨ- ਕਾਨਫਰੰਸ ਹਾਲ DC Office ਜਿਲਾ ਪਟਿਆਲਾ ਮਿਤੀ 9-03-2021 ਸਮਾਂ 11.00 ( ਸਵੇਰੇ )**

1) ਕਿਸੇ ਕਾਰਨ ਡਰਾਅ ਟਾਲਣ ਸਥਿਤੀ ਵਿੱਚ ਸਾਰੇ ਅਧਿਕਾਰ ਜਿਲਾ ਪੱਧਰੀ ਕਮੇਟੀ ਕੋਲ ਹੋਣਗੇ।

ਮੁੱਖ ਖੇਤੀਬਾੜੀ ਅਫਸਰ
ਪਟਿਆਲਾ

ਪਿੱਠ ਅੰਕਣ ਨੰ 1191-99 ਮਿਤੀ 03 MAR 2021

ਉਪਰੋਕਤ ਦਾ ਉਤਾਰਾ –

1) ਮਾਨਯੋਗ ਵਧੀਕ ਡਿਪਟੀ ਕਮਿਸਨਰ (ਵਿਕਾਸ) ਪਟਿਆਲਾ
2) ਡਾ,ਜਸਵਿੰਦਰ ਸਿੰਘ ( ਐਸੋਸੀਏਟ ਡਾਇਰੈਕਟਰ ਕ੍ਰਿਸੀ ਵਿਗਿਆਨ ਕੇਂਦਰ ਰੌਣੀ,ਪਟਿਆਲਾ)
3) ਭੂਮੀ ਪਰਖ ਅਫਸਰ (ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪਟਿਆਲਾ)
4) ਸਮੂਹ ਬਲਾਕ ਖੇਤੀਬਾੜੀ ਅਫਸਰ ਪਟਿਆਲਾ।

ਮੁੱਖ ਖੇਤੀਬਾੜੀ ਅਫਸਰ
ਪਟਿਆਲਾ